-1-

# ਵੈਕਸੀਨ ਸਟੋਰੇਜ਼ ਪੁਆਇੰਟ ਦੇ ਇੰਨਚਾਰਜ ਦੇ ਧਿਆਨ ਦੇਣ ਯੋਗ ਅਤੀ ਜ਼ਰੂਰੀ ਹਦਾਇਤਾਂ

1) ਸਾਰੀਆਂ ਵੈਕਸੀਨ ਅਤੇ ਡਿਲੀਊਂਟ ਆਈ.ਐਲ.ਆਰ ਵਿੱਚ $2^oC$ ਤੋ $8^oC$ ਦੇ ਤਾਪਮਾਨ ਵਿੱਚ ਸਟੋਰ ਕੀਤੀਆਂ ਜਾਣ।
2) ਜੇ ਆਈ.ਐਲ.ਆਰ ਦਾ ਤਾਪਮਾਨ $2^oC$ ਤੋ ਹੇਠਾਂ ਜਾਂ $8^oC$ ਤੋ ਉਪਰ ਹੋਵੇ ਤਾਂ ਤੁਰੰਤ ਰੈਫਰੀਜੀਰੇਟਰ ਮਕੈਨਿਕ ਅਤੇ ਜਿਲ੍ਹਾ ਇਮੂਨਾਈਜੇਸ਼ਨ ਅਫਸਰ ਨਾਲ ਸੰਪਰਕ ਕੀਤਾ ਜਾਵੇ।
3) ਹਰ ਵੈਕਸੀਨ ਸਟੋਰੇਜ਼ ਪੁਆਇੰਟ ਤੋਂ ਵੈਕਸੀਨ ਕੈਰੀਅਰ ਆਲਟਰਨੇਟ ਵੈਕਸੀਨ ਡਲਿਵਰੀ ਸਿਸਟਮ ਰਾਹੀ ਏ.ਐਨ.ਐਮ ਦੇ ਆਊਟਰੀਚ ਸੈਸ਼ਨ (ਮਮਤਾ ਦਿਵਸ) ਤੱਕ ਮਮਤਾ ਦਿਵਸ ਵਾਲੇ ਦਿਨ ਹੀ ਸਵੇਰੇ ਪਹੁੰਚਾਇਆ ਜਾਣਾ ਚਾਹੀਦਾ ਹੈ ਅਤੇ ਟੀਕਾਕਰਨ ਦੀ ਸਮਾਪਤੀ ਤੇ ਵੈਕਸੀਨ ਕੈਰੀਅਰ ਵੈਕਸੀਨ ਸਟੋਰੇਜ਼ ਪੁਆਇੰਟ ਤੇ ਵਾਪਸ ਉਸੇ ਦਿਨ ਸ਼ਾਮ ਨੂੰ ਪਹੁੰਚਣਾ ਚਾਹੀਦਾ ਹੈ।
4) ਅਣਵਰਤੀਆਂ ਵਾਇਲਾਂ ਅਤੇ ਡਿਲੀਊਂਟ ਉਸੇ ਦਿਨ ਸ਼ਾਮ ਨੂੰ ਵੈਕਸੀਨ ਕੈਰੀਅਰ ਵਿੱਚ ਪਾ ਕੇ ਸਟੋਰੇਜ਼ ਪੁਆਇੰਟ ਤੇ ਵਾਪਸ ਲਿਆਉਣ ਨੂੰ ਯਕੀਨੀ ਬਣਾਇਆ ਜਾਵੇ ਅਤੇ ਅਜਿਹੀਆਂ ਵਾਇਲਾਂ ਅਤੇ ਡਿਲੀਊਂਟ ਨੂੰ ਉਸੇ ਸਮੇਂ ਵਾਪਸ ਆਈ.ਐਲ.ਆਰ ਵਿੱਚ ਗਾਈਡ-ਲਾਈਨਾਂ ਅਨੁਸਾਰ ਸਟੋਰ ਕਰ ਲਿਆ ਜਾਵੇ।
5) ਸਟੇਟ, ਜਿਲ੍ਹਾ ਅਤੇ ਬਲਾਕ ਪੱਧਰ ਤੋਂ ਮਮਤਾ ਦਿਵਸ ਸੈਸ਼ਨ ਲਈ ਵੈਕਸੀਨ ਦੇਣ ਵੇਲੇ ਵੈਕਸੀਨ ਵੰਡ ਰਜਿਸਟਰ ਵਿੱਚ ਵੈਕਸੀਨ/ਡਿਲੀਊਂਟ ਏ.ਡੀ ਸਰਿੰਜਾਂ ਅਤੇ ਮਿਕਸਿੰਗ ਸਰਿੰਜਾਂ ਦੀ ਮੈਨੂਫੈਕਚਰਿੰਗ ਮਿਤੀ, ਐਕਸਪਾਈਰੀ ਮਿੱਤੀ, ਬੈਚ ਨੰ. ਅਤੇ ਮੈਨੂਫੈਕਚਰਰ ਦਾ ਨਾਂ ਲਾਜ਼ਮੀ ਨੋਟ ਕਰਕੇ ਹੀ ਅੱਗੇ ਵੈਕਸੀਨ ਇਸ਼ੂ ਕਰਨ ਨੂੰ ਯਕੀਨੀ ਬਣਾਇਆ ਜਾਵੇ।
6) ਹਰੇਕ ਵੈਕਸੀਨ ਸਟੋਰੇਜ਼ ਪੁਆਇੰਟ ਤੇ ਸੈਸ਼ਨਵਾਰ ਵੈਕਸੀਨ ਵੰਡ ਰਜਿਸਟਰ ਦੀ ਵਰਤੋਂ ਨੂੰ ਯਕੀਨੀ ਬਣਾਇਆ ਜਾਵੇ।
7) ਆਈ.ਐਲ.ਆਰ ਵਿੱਚ ਕੋਈ ਵੀ ਖੁੱਲੀ ਵਾਇਲ ਨਾ ਰੱਖੀ ਜਾਵੇ।
8) ਇੰਮੂਨਾਈਜੇਸ਼ਨ ਪ੍ਰੋਗਰਾਮ ਲਈ ਵਰਤੀ ਜਾਣ ਵਾਲੀ ਵੈਕਸੀਨ ਅਤੇ ਡਿਲੀਊਂਟ ਤੋਂ ਇਲਾਵਾ ਆਈ.ਐਲ.ਆਰ ਵਿੱਚ ਹੋਰ ਕੋਈ ਡਰੱਗ, ਵੈਕਸੀਨ, ਟੀਕਾ ਜਾਂ ਖਾਣ-ਪੀਣ ਵਾਲੀਆ ਵਸਤਾਂ ਨਾ ਰੱਖੀਆ ਜਾਣ।
9) ਟੀਕਾਕਰਨ ਵਾਲੇ ਦਿਨ ਤੋ ਪਹਿਲਾਂ ਕਿਸੇ ਵੀ ਏ.ਐਨ.ਐਮ/ਐਲ.ਐਚ.ਵੀ. ਨੂੰ ਵੈਕਸੀਨ ਇਸ਼ੂ ਨਾ ਕੀਤੀ ਜਾਵੇ।
10) ਹਰੇਕ ਵੈਕਸੀਨ ਸਟੋਰਜ਼/ਪੁਆਇੰਟ ਤੇ ਸਿਹਤ ਕਰਮਚਾਰੀ ਨੂੰ ਵੈਕਸੀਨ ਦੀ ਵੰਡ ਸਬੰਧੀ ਸੈਸ਼ਨ ਵਾਈਜ਼ ਰਿਕਾਰਡ ਰੱਖਣ ਨੂੰ ਯਕੀਨੀ ਬਣਾਇਆ ਜਾਵੇ।
11) ਆਈ.ਐਲ.ਆਰ ਵਿੱਚ ਸਭ ਤੋ ਉਪਰ ਹੈਪ-ਬੀ, ਉਸ ਤੋ ਹੇਠਾਂ ਡੀ.ਪੀ.ਟੀ. ਫਿਰ ਟੀ.ਟੀ, ਉਸ ਤੋ ਹੇਠਾਂ ਬੀ.ਸੀ.ਜੀ, ਉਸ ਤੋ ਹੇਠਾਂ ਮੀਜ਼ਲ ਅਤੇ ਸਭ ਤੋ ਹੇਠਾਂ ਪੋਲੀਓ ਸਟੋਰ ਕੀਤੀ ਜਾਣੀ ਚਾਹੀਦੀ ਹੈ।

# ਵੈਕਸੀਨੇਟਰਸ ਦੇ ਧਿਆਨ ਹਿੱਤ ਅਤੀ ਜ਼ਰੂਰੀ ਹਦਾਇਤਾਂ (ਏ.ਐਨ.ਐਮ/ਐਲ.ਐਚ.ਵੀ)

1) ਏ.ਐਨ.ਐਮ ਟੀਕਾਕਰਨ ਸ਼ੁਰੂ ਕਰਨ ਤੋਂ ਪਹਿਲਾਂ ਆਰ.ਆਈ ਟੈਲੀ ਸ਼ੀਟ ਵਿੱਚ ਵੈਕਸੀਨ/ਡਿਲੀਊਂਟ ਏ.ਡੀ ਸਰਿੰਜਾਂ ਅਤੇ ਮਿਕਸਿੰਗ ਸਰਿੰਜਾਂ ਦੀ ਮੈਨੂਫੈਕਚਰਿੰਗ ਮਿਤੀ, ਐਕਸਪਾਈਰੀ ਮਿਤੀ, ਬੈਚ ਨੰ. ਅਤੇ ਮੈਨੂਫੈਕਚਰਰ ਦਾ ਨਾਂ ਲਾਜ਼ਮੀ ਨੋਟ ਕਰਕੇ ਹੀ ਟੀਕਾਕਰਨ ਸ਼ੁਰੂ ਕਰੇ।
2) ਜੇਕਰ ਕੋਈ ਵੀ ਟੀ ਸੀਰੀਜ਼ ਵੈਕਸੀਨ ਜਿਵੇਂ ਡੀ.ਪੀ.ਟੀ,-ਟੀ.ਟੀ,-ਹੈਪ-ਬੀ ਜੰਮੀ ਹੋਵੇ ਤਾਂ ਇਸਦੀ ਜਾਣਕਾਰੀ ਤੁਰੰਤ ਸੁਪਰਵਾਈਜ਼ਰ ਅਤੇ ਸੀਨੀਅਰ ਮੈਡੀਕਲ ਅਫਸਰ ਨੂੰ ਦਿੱਤੀ ਜਾਣੀ ਚਾਹੀਦੀ ਹੈ। ਉਸ ਵੈਕਸੀਨ ਨੂੰ ਇਸਤੇਮਾਲ ਨਾ ਕੀਤਾ ਜਾਵੇ ਅਤੇ ਉਸਨੂੰ ਡਿਸਕਾਰਡ ਕਰ ਦਿੱਤਾ ਜਾਵੇ।
3) ਮੀਜ਼ਲ ਅਤੇ ਬੀ.ਸੀ.ਜੀ ਵੈਕਸੀਨ ਦਾ ਘੋਲ ਤਿਆਰ ਕਰਨ ਉਪਰੰਤ ਵਾਇਲ ਉਤੇ (ਰਿਕਾਂਸਟੀਚੀਊਟ) ਦਾ ਸਮਾਂ ਨੋਟ ਕੀਤਾ ਜਾਵੇ।
4) ਬੀ.ਸੀ.ਜੀ ਵੈਕਸੀਨ ਬਣਾਉਣ ਲਈ ਸੋਡੀਅਮ ਕਲੋਰਾਈਡ ਡਿਲੀਊਂਟ ਅਤੇ ਮੀਜ਼ਲ ਲਈ ਡਿਸਟਿਲਡ ਵਾਟਰ ਡਿਲੀਊਂਟ ਜੋ ਵੈਕਸੀਨ ਸਪਲਾਈ ਦੇ ਨਾਲ ਦਿੱਤਾ ਗਿਆ ਹੋਵੇ ਉਹੋ ਹੀ ਵਰਤਿਆ ਜਾਵੇ।
5) ਮੀਜ਼ਲ ਅਤੇ ਬੀ.ਸੀ.ਜੀ ਵਾਇਲਾਂ ਦਾ ਘੋਲ ਬਣਾਉਣ ਦੇ ਸਮੇਂ ਤੋਂ ਚਾਰ ਘੰਟੇ ਦੇ ਅੰਦਰ-ਅੰਦਰ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਉਸ ਪਿਛੋਂ ਜੇ ਟੀਕਾ ਲਗਾਉਣ ਦੀ ਹੋਰ ਲੋੜ ਹੋਵੇ ਤਾਂ ਨਵਾਂ ਘੋਲ ਨਵੀਂ ਡਿਸਪੋਜਏਬਲ ਸਰਿੰਜ ਨਾਲ ਤਿਆਰ ਕਰਨਾ ਚਾਹੀਦਾ ਹੈ।
6) ਬੀ.ਸੀ.ਜੀ ਅਤੇ ਮੀਜ਼ਲ ਵੈਕਸੀਨ ਦਾ ਘੋਲ ਬਣਾਉਣ ਲਈ- ਹਰ ਵਾਰ ਨਵੀਂ ਡਿਸਪੋਜਏਬਲ ਸਰਿੰਜ ਇਸਤੇਮਾਲ ਕੀਤੀ ਜਾਵੇ ਅਤੇ ਡਿਸਪੋਜਏਬਲ ਸਰਿੰਜ ਨੂੰ ਇਸਤੇਮਾਲ ਕਰਨ ਉਪਰੰਤ ਤੁਰੰਤ ਹਬ-ਕਟਰ ਨਾਲ ਕੱਟ ਦਿੱਤਾ ਜਾਵੇ। ਦੁਬਾਰਾ ਇਸਤੇਮਾਲ ਕੀਤੀ ਗਈ ਸਰਿੰਜ ਦੀ ਵਰਤੋਂ ਕਰਨ ਨਾਲ ਘਿਨਾਉਣੇ ਸਾਈਡ ਇਫੈਕਟ ਹੋ ਸਕਦੇ ਹਨ।
7) ਇਸਤੇਮਾਲ ਕੀਤੀਆਂ ਗਈਆਂ ਵਾਇਲਾਂ ਨੂੰ ਲਾਲ ਬੈਗ ਵਿੱਚ ਪਾ ਕੇ ਕੱਟੀਆਂ ਹੋਈਆਂ ਸਰਿੰਜਾਂ ਸਮੇਤ ਵੈਕਸੀਨ ਸਟੋਰੇਜ਼ ਪੁਆਇੰਟ ਤੇ ਭੇਜਿਆ ਜਾਵੇ ਅਤੇ ਉਹਨਾਂ ਨੂੰ ਬਾਇਓਮੈਡੀਕਲ ਵੇਸਟ ਮੈਨੇਜਮੈਂਟ (ਸੈਂਟਰਲ ਪਲਿਊਸ਼ਨ ਕੰਟਰੋਲ ਬੋਰਡ) ਦੀਆਂ ਹਦਾਇਤਾਂ ਅਨੁਸਾਰ ਡਿਸਕਾਰਡ ਕਰ ਦਿੱਤਾ ਜਾਵੇ। ਇਸਤੇਮਾਲ ਕੀਤੀਆਂ ਗਈਆਂ ਵਾਇਲਾਂ ਵੈਕਸੀਨ ਕੈਰੀਅਰ ਵਿੱਚ ਪਾ ਕੇ ਵਾਪਸ ਨਾ ਭੇਜੀਆਂ ਜਾਣ। ਪਰ ਇਹ ਹਦਾਇਤ ਸਿਰਫ ਮਮਤਾ ਦਿਵਸ (ਰੁਟੀਨ ਇੰਮੂਨਾਈਜੇਸ਼ਨ) ਲਈ ਹੀ ਹੈ। ਪਲਸ ਪੋਲੀਓ ਪ੍ਰੋਗਰਾਮ ਤੇ ਲਾਗੂ ਨਹੀ ਹੁੰਦੀ।
8) ਸੈਸਨ ਵਾਈਜ਼ ਇਮੂਨਾਈਜੇਸ਼ਨ ਨੂੰ ਕਵਰ ਕਰਨ ਉਪਰੰਤ- ਆਰ.ਆਈ ਟੈਲੀ ਸ਼ੀਟ ਭਰ ਕੇ ਉਸ ਦੀ ਇੱਕ ਕਾਪੀ ਵੈਕਸੀਨ ਕੈਰੀਅਰ ਦੇ ਨਾਲ ਵੈਕਸੀਨ

ਸਟੋਰੇਜ਼ ਪੁਆਇੰਟ ਤੇ ਭੇਜੀ ਜਾਵੇ। ਅਤੇ ਇੱਕ ਕਾਪੀ ਆਪਣੇ ਕੋਲ ਰਿਕਾਰਡ ਲਈ ਰੱਖ ਲਈ ਜਾਵੇ।

9) ਟੀਕਾਰਨ ਕਰਨ ਉਪਰੰਤ ਵੈਕਸੀਨ ਦੇ ਹੋਰ ਪ੍ਰਭਾਵਾਂ (ਏ.ਈ.ਐਫ.ਆਈ) ਦੀ ਪਰਖ ਲਈ ਬੱਚੇ ਨੂੰ ਅੱਧੇ ਘੰਟੇ (30 ਮਿੰਟ) ਤੱਕ ਆਪਣੀ ਨਿਗਰਾਨੀ ਹੇਠ ਬਿਠਾ ਕੇ ਰੱਖਿਆ ਜਾਵੇ। ਜੇ ਕੋਈ ਦੁਰਪ੍ਰਭਾਵ ਵੇਖਣ ਵਿੱਚ ਆਵੇ ਤਾਂ ਉਸ ਦੀ ਜਾਣਕਾਰੀ ਤੁਰੰਤ ਸੁਪਰਵਾਈਜ਼ਰ ਅਤੇ ਸੀਨੀਅਰ ਮੈਡੀਕਲ ਅਫਸਰ ਨੂੰ ਦਿੱਤੀ ਜਾਵੇ।

10) ਜੇਕਰ ਵੈਕਸੀਨੇਸ਼ਨ ਕੈਂਪ ਉਪਰੰਤ ਆਂਗਣਵਾੜੀ ਵਰਕਰ ਅਤੇ ਆਸ਼ਾ ਵਰਕਰ ਨੂੰ ਕਿਸੇ ਵੀ ਦੁਰਪ੍ਰਭਾਵ ਦੀ ਖਬਰ ਸੁਣਨ ਨੂੰ ਮਿਲੇ ਤਾਂ ਉਸਨੂੰ ਤੁਰੰਤ ਏ.ਐਨ.ਐਮ-ਸੁਪਰਵਾਈਜ਼ਰ-ਮੈਡੀਕਲ ਅਫਸਰ ਇੰਨਚਾਰਜ ਅਤੇ ਜਿਲ੍ਹਾ ਇੰਮੂਨਾਈਜੇਸ਼ਨ ਅਫਸਰ ਨੂੰ ਸੂਚਿਤ ਕਰਨਾ ਚਾਹੀਦਾ ਹੈ। ਉਪਰੋਕਤ ਸਾਰਿਆ ਦੇ ਟੈਲੀਫੋਨ ਨੰਬਰ ਉਹਨਾਂ ਦੋਹਾਂ ਕੋਲ ਨੋਟ ਹੋਣੇ ਲਾਜ਼ਮੀ ਹਨ।